# Sixth Round of Foreign Office Consultations between India and Mexico

June 30, 2022

## ਭਾਰਤ ਅਤੇ ਮੈਕਸੀਕੋ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ ਛੇਵਾਂ ਦੌਰ

**30 ਜੂਨ, 2022**

1. ਭਾਰਤ ਅਤੇ ਮੈਕਸੀਕੋ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ ਛੇਵਾਂ ਦੌਰ ਮੈਕਸੀਕੋ ਸਿਟੀ ਵਿੱਚ 29 ਜੂਨ, 2022 ਨੂੰ ਹੋਇਆ। ਇਸ ਵਿਚਾਰ-ਵਟਾਂਦਰੇ ਦੀ ਅਗਵਾਈ ਭਾਰਤੀ ਪੱਖ ਵੱਲੋਂ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੂਰਬ) ਸ਼੍ਰੀ ਸੌਰਭ ਕੁਮਾਰ ਅਤੇ ਮੈਕਸੀਕੋ ਦੇ ਪੱਖ ਵੱਲੋਂ ਮੈਕਸੀਕੋ ਵਿਦੇਸ਼ ਮੰਤਰਾਲੇ ਦੀ ਵਿਦੇਸ਼ ਉਪ ਮੰਤਰੀ ਮਹਾਮਹਿਮ ਸ਼੍ਰੀਮਤੀ ਕਾਰਮੇਨ ਮੋਰੇਨੋ ਟੋਸਕਾਨੋ ਨੇ ਕੀਤੀ।

2. ਇਸ ਸਲਾਹ-ਮਸ਼ਵਰੇ ਦੌਰਾਨ ਰਾਜਨੀਤਿਕ, ਵਪਾਰ ਅਤੇ ਨਿਵੇਸ਼, ਸਿਹਤ ਅਤੇ ਦਵਾਈਆਂ, ਵਿਗਿਆਨ ਅਤੇ ਤਕਨਾਲੋਜੀ ਸਮੇਤ ਪੁਲਾੜ, ਸੱਭਿਆਚਾਰ ਅਤੇ ਸੈਰ-ਸਪਾਟਾ, ਸਿੱਖਿਆ, ਕੌਂਸਲਰ, ਅਤੇ ਆਪਸੀ ਹਿੱਤਾਂ ਦੇ ਹੋਰ ਖੇਤਰਾਂ ਸਮੇਤ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਹੋਈ। ਸੰਯੁਕਤ ਰਾਸ਼ਟਰ, ਪ੍ਰਸ਼ਾਂਤ ਗਠਜੋੜ ਅਤੇ ਭਾਰਤ ਦੀ ਆਉਣ ਵਾਲੀ ਜੀ-20 ਦੀ ਪ੍ਰਧਾਨਗੀ ਵਿੱਚ ਸਹਿਯੋਗ ਸਮੇਤ ਬਹੁਪੱਖੀ ਅਤੇ ਖੇਤਰੀ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ।

3. ISRO ਅਤੇ ਮੈਕਸੀਕਨ ਸਪੇਸ ਏਜੰਸੀ (AEM) ਵਿਚਕਾਰ ਫਸਲਾਂ ਦੀ ਨਿਗਰਾਨੀ, ਸੋਕੇ ਦੇ ਮੁਲਾਂਕਣ ਅਤੇ ਸਮਰੱਥਾ ਨਿਰਮਾਣ 'ਤੇ ਧਿਆਨ ਕੇਂਦਰਿਤ ਕਰਕੇ ਬਾਹਰੀ ਪੁਲਾੜ ਵਿੱਚ ਸਹਿਯੋਗ ਬਾਰੇ ਵਿਸ਼ੇਸ਼ ਸਹਿਯੋਗ ਸਮਝੌਤੇ 'ਤੇ ਵੀ ਹਸਤਾਖਰ ਕੀਤੇ ਗਏ।

4. ਦੋਵੇਂ ਧਿਰਾਂ ਨੇ ਦੁਵੱਲੇ ਸਬੰਧਾਂ ਦੀ ਰਫਤਾਰ ਨੂੰ ਬਣਾਈ ਰੱਖਣ ਲਈ ਉੱਚ ਪੱਧਰੀ ਸਿਆਸੀ ਵਟਾਂਦਰੇ ਅਤੇ ਸਾਂਝਾ ਸੰਸਥਾਗਤ ਵਿਧੀਆਂ ਜਿਵੇਂ ਕੌਂਸਲਰ ਵਾਰਤਾਲਾਪ, ਵਪਾਰ, ਨਿਵੇਸ਼ ਅਤੇ ਆਰਥਿਕ ਸਹਿਯੋਗ (BHLG) 'ਤੇ ਦੁਵੱਲੇ ਉੱਚ-ਪੱਧਰੀ ਸਮੂਹ (BHLG) ਅਤੇ ਸਾਂਝਾ ਕਮਿਸ਼ਨ ਦੀ ਬਾਕਾਇਦਾ ਮੀਟਿੰਗਾਂ ਜਾਰੀ ਰੱਖਣ ਉੱਤੇ ਸਹਿਮਤੀ ਦਿੱਤੀ।

5. ਗੱਲਬਾਤ ਦੋਸਤਾਨਾ ਅਤੇ ਨਿੱਘੇ ਮਾਹੌਲ ਵਿੱਚ ਹੋਈ। ਦੋਵੇਂ ਧਿਰਾਂ ਨੇ ਸਲਾਹ-ਮਸ਼ਵਰੇ ਦਾ ਅਗਲਾ ਦੌਰ ਨਵੀਂ ਦਿੱਲੀ ਵਿਖੇ ਆਪਸੀ ਸਹੂਲਤ ਦੀ ਤਾਰੀਖ 'ਤੇ ਕਰਵਾਉਣ ਉੱਤੇ ਸਹਿਮਤੀ ਦਿੱਤੀ।

29 ਜੂਨ, 2022

ਮੈਕਸੀਕੋ ਸਿਟੀ

DISCLAIMER: This is an approximate translation. The original is available in English on MEA's website and may be referred to as the official press release.